ਉਬਾਮਾ ਸਦਾਰਤ:

# ਰਿਆਸਤ ਅਤੇ ਤਾਕਤ ਨਾਲ ਪੁਰਾਣੇ ਹਾਲਾਤ ਬਰਕਰਾਰ

ਇਸ ਵੇਲੇ ਅਮਰੀਕਨ ਸਮਾਜ ਇਕ ਬਹੁਤ ਹੀ ਡੂੰਘੇ ਆਰਥਕ, ਸਿਆਸੀ ਅਤੇ ਸੰਵਿਧਾਨਕ ਸੰਕਟ ਦੀ ਜਕੜ ਵਿਚ ਹੈ। ਹਾਕਮ ਮੇਲ ਨੇ ਆਪਣੇ ਮੁਨਾਫਿਆਂ ਲਈ ਸਾਰੇ ਸਮਾਜ ਨੂੰ ਇਕ ਬਹੁਤ ਹੀ ਡੂੰਘੇ ਸੰਕਟ ਵਿਚ ਪਾ ਦਿਤਾ ਹੈ। ਅਰਬਾਂ-ਖਰਬਾਂ ਡਾਲਰ ਲੋਕਾਂ ਦੀਆਂ ਜੇਬਾਂ ਵਿਚੋਂ ਅਮੀਰਾਂ ਨੇ ਖੋਹ ਲਏ ਹਨ। ਲੱਖਾਂ ਹੀ ਲੋਕਾਂ ਦੇ ਘਰ ਖੁੱਸ ਗਏ ਹਨ। ਦਹਿਸ਼ਤਗਰਦੀ ਦੇ ਨਾਂਅ ਹੇਠ ਲੋਕਾਂ ਦੇ ਹੱਕਾਂ ਤੇ ਵੱਡੀ ਸੱਟ ਲਾਈ ਹੈ। ਇਸ ਸਰਬਪੱਖੀ ਸੰਕਟ ਵਿਚੋਂ ਨਿਕਲਣ ਲਈ ਹਾਕਮ ਮੇਲ ਸਟੇਟ ਅਤੇ ਤਾਕਤ ਦੀ ਵਰਤੋਂ ਸਿਰਫ ਆਪਣੇ ਮੁਫਾਦ ਲਈ ਕਰ ਰਿਹਾ ਹੈ। ਇਸਦਾ ਨਤੀਜਾ ਇਹ ਹੈ ਕਿ ਰਿਆਸਤ ਲੋਕਾਂ ਅਤੇ ਸਮਾਜ ਦੇ ਵਸੀਲੇ ਅਤੇ ਦੌਲਤ ਹਾਕਮ ਮੇਲ ਦੇ ਹਵਾਲੇ ਬਹੁਤ ਹੀ ਤੇਜ਼ੀ ਨਾਲ ਕਰਦੀ ਜਾ ਰਹੀ ਹੈ। ਲੋਕਾਂ ਨੂੰ ਭੁਲੇਖਾ ਪਾਇਆ ਜਾ ਰਿਹਾ ਹੈ ਕਿ ਇਸ ਤਰਾਂ ਅਮੀਰਾਂ ਅਤੇ ਹਾਕਮ ਮੇਲ ਦੀਆਂ ਜੇਬਾਂ ਭਰਨ ਨਾਲ ਆਰਥਕ ਅਤੇ ਮੁਆਸ਼ੀ ਸੰਕਟ ਦਾ ਇਲਾਜ ਹੋ ਜਾਵੇਗਾ ਅਤੇ ਇਸ ਬਿਮਾਰੀ ਤੋਂ ਛੁਟਕਾਰਾ ਹੋ ਜਾਵੇਗਾ।

ਹਾਲਾਤ ਤਾਂ ਇਹ ਮੰਗ ਕਰ ਰਹੇ ਹਨ ਕਿ ਤਾਕਤ ਅਤੇ ਰਿਆਸਤ ਸਾਰੇ ਸਮਾਜ ਦੇ ਭਲੇ ਲਈ ਅਤੇ ਸੱਭਨਾਂ ਦੀ ਰੱਖਿਆ ਅਤੇ ਖੁਸ਼ਹਾਲੀ ਲਈ ਹਾਲਾਤਾਂ ਨੂੰ ਬਦਲਣ। ਮਿਸਾਲ ਦੇ ਤੌਰ ਤੇ ਆਰਥਕ ਮੁਹਾਜ਼ ਤੇ ਅਮਰੀਕਾ ਵਿਚ ਇਕ ਵੱਡੇ ਪੱਧਰ ਤੇ ਦੁਬਾਰਾ ਸਨਅਤ ਲਾਉਣ ਦੀ ਲੋੜ ਹੈ ਜਿਸ ਨਾਲ ਅਮਰੀਕਾ ਦੀ ਮੁਆਸ਼ੀ ਨਵੀਂ ਉਸਾਰੀ ਹੋਵੇਗੀ, ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਸੇ ਤਰਾਂ ਖੇਤੀ ਬਾੜੀ ਦੇ ਖੇਤਰ ਵਿਚ ਵੀ ਬਹੁਤ ਜ਼ਿਆਦਾ ਸਰਮਾਇਆਕਾਰੀ ਦੀ ਲੋੜ ਹੈ। ਕੋਈ ਵੀ ਸਰਮਾਏਦਾਰ ਜਾਂ ਕੰਪਨੀ ਇਸ ਪੱਧਰ ਤੇ ਸਰਮਾਇਆ ਨਹੀਂ ਲਾ ਸਕਦੇ ਜਿਸਦੇ ਨਾਲ ਇਹ ਕੰਮ ਅੰਜਾਮ ਦਿਤਾ ਜਾ ਸਕੇ। ਕਿਉਂਕਿ ਇਸ ਲਈ ਬਹੁਤ ਹੀ ਜ਼ਿਆਦਾ ਸਰਮਾਏ ਦੀ ਲੋੜ ਹੈ ਅਤੇ ਉਸ ਤੋਂ ਮੁਨਾਫਾ ਫਿਲਹਾਲ ਨਹੀਂ ਨਿਕਲ ਸਕਦਾ। ਹਾਲਾਤ ਮੰਗਦੇ ਹਨ ਕਿ ਇਹ ਕੰਮ ਇਕ ਬਹੁਤ ਹੀ ਵੱਡੇ ਪੈਮਾਨੇ ਤੇ ਕੀਤਾ ਜਾਵੇ। ਇਸ ਕੰਮ ਲਈ ਸਾਰੇ ਹੀ ਲੋਕਾਂ ਦੀ ਹਮਦਰਦੀ ਅਤੇ ਰਜ਼ਾਮੰਦੀ ਦੀ ਲੋੜ ਹੈ। ਇਸੇ ਤਰਾਂ ਆਈਨ ਅਤੇ ਸੰਵੀਧਾਨ ਬਾਰੇ ਲੋਕ ਚਾਹੁੰਦੇ ਹਨ ਕਿ ਬਹੁਤ ਹੀ ਬਦਨਾਮ ਕਾਨੂਨ ਪੇਟਰੀਅਟ ਐਕਟ ਖ਼ਤਮ ਕੀਤਾ ਜਾਵੇ ਜਿਸ ਨੂੰ ਬੁਸ਼ ਅਤੇ ਚੇਨੀ ਨੇ ਲੋਕਾਂ ਦੇ ਹੱਕਾਂ ਨੂੰ ਕੁਚਲਣ ਲਈ ਲਿਆਂਦਾ ਸੀ। ਇਸ ਕਾਨੂੰਨ ਤਹਿਤ ਨਾ ਦਲੀਲ, ਨਾ ਵਕੀਲ ਅਤੇ ਨਾ ਹੀ ਅਪੀਲ ਕੀਤੀ ਜਾ ਸਕਦੀ ਹੈ।

ਪਰ ਹਾਕਮ ਮੇਲ ਰਿਆਸਤ ਅਤੇ ਤਾਕਤ ਨੂੰ ਸਿਰਫ਼ ਆਪਣੇ ਮੁਫਾਦ ਲਈ ਹੀ ਵਰਤਣਾ ਚਾਹੁੰਦਾ ਹੈ। ਇਸ ਲਈ ਉਹ ਰਿਆਸਤ ਅਤੇ ਇਸਦੀ ਤਾਕਤ ਨੂੰ ਸਿਰਫ਼ ਅਮੀਰਾਂ ਦੀਆਂ ਹੀ ਜੇਬਾਂ ਭਰਨ ਲਈ ਵਰਤਣਾ ਹੀ ਠੀਕ ਸਮਝਦਾ ਹੈ ਅਤੇ ਸਮਾਜ ਅਤੇ ਆਮ ਲੋਕਾਂ ਦੀਆਂ ਲੋੜਾਂ ਵੱਲ ਕੋਈ ਸੰਜੀਦਗੀ ਨਾਲ ਤਵੱਜੋ ਦੇਣ ਨੂੰ ਤਿਆਰ ਨਹੀਂ। ਹਾਕਮ ਮੇਲ ਵੱਡੇ ਪੱਧਰ ਤੇ ਸਰਮਾਇਆ ਤਾਂ ਮੰਗਦਾ ਹੈ ਪਰ ਸਿਰਫ਼ ਆਪਣੇ ਮੁਨਾਫਿਆਂ ਲਈ। ਉਹ ਚਾਹੁੰਦੇ ਹਨ ਕਿ ਲੋਕਾਂ ਦਾ ਪੈਸਾ ਲੱਗੇ ਤੇ ਮੁਨਾਫ਼ਾ ਉਨ੍ਹਾਂ ਦਾ ਹੋਵੇ। ਇਸ ਨਾਲ ਇਹ ਬੁਹਰਾਨ ਅਤੇ ਸੰਕਟ ਹੋਰ ਵੀ ਡੂੰਘਾ ਹੋ ਰਿਹਾ ਹੈ। ਹਾਕਮ ਮੇਲ ਰਿਆਸਤ ਅਤੇ ਸਿਆਸੀ ਤਾਕਤ ਨੂੰ ਇਸ ਲਈ ਵਰਤ ਰਿਹਾ ਹੈ। ਉਸਦੇ ਲਈ ਲੋਕਾਂ ਅਤੇ ਸਮਾਜ ਦੀਆਂ ਲੋੜਾਂ ਸਿਰਫ ਚੋਣਾਂ ਵਿਚ ਨਾਅਰੇਬਾਜ਼ੀ ਜਾਂ ਭੁਲੇਖੇ ਪਾਉਣ ਲਈ ਹੀ ਹਨ। ਅਸਲੀਅਤ ਵਿਚ ਉਨ੍ਹਾਂ ਲਈ ਬੇਰੁਜ਼ਗਾਰੀ, ਭੁਖਮਾਰੀ, ਵਗੈਰਾ ਕੋਈ ਮਾਅਨਾ ਨਹੀਂ ਰਖਦੇ। ਜਿਨਾਂ ਚਿਰ ਇਨ੍ਹਾਂ ਦੇ ਆਪਣੇ ਮੁਨਾਫ਼ੇ ਬਰਕਰਾਰ ਹਨ ਉਨ੍ਹਾਂ ਚਿਰ ਭਾਂਵੇ ਲੋਕ ਅਤੇ ਸਮਾਜ ਖੇਹ ਵਿਚ ਰੁਲਣ ਇਨ੍ਹਾਂ ਨੂੰ ਕੋਈ ਫਿਕਰ ਨਹੀਂ।

ਉਬਾਮਾ ਦੀ ਪ੍ਰਧਾਨਗੀ ਤਬਦੀਲੀ ਦੇ ਨਾਅਰੇ ਹੇਠ ਰਿਆਸਤ ਅਤੇ ਤਾਕਤ ਨੂੰ ਹਾਲਾਤ ਬਰਕਰਾਰ ਰਖਣ ਲਈ ਅਤੇ ਤਬਦੀਲੀ ਨੂੰ ਰੋਕਣ ਲਈ ਹੀ ਹੋਵੇਗੀ। ਕਿਉਂਕਿ ਹਾਲਾਤ ਮੰਗ ਕਰ ਰਹੇ ਹਨ ਕਿ ਤਾਕਤ ਅਤੇ ਰਿਆਸਤ ਅਮਰੀਕਨ ਸਮਾਜ ਨੂੰ ਦਰਪੇਸ਼ ਇਸ ਸਰਬਪੱਖੀ ਸੰਕਟ ਅਤੇ ਬੁਹਰਾਨ ਤੋਂ ਬਾਹਰ ਕੱਢਣ ਦਾ ਉਦਮ ਕਰੇ, ਇਸ ਲਈ ਹਾਕਮ ਮੇਲ ਨੇ ਉਬਾਮਾ ਨੂੰ ਤਬਦੀਲੀ ਦੇ ਪੈਗੰਬਰ ਦੇ ਤੌਰ ਤੇ ਪੇਸ਼ ਕੀਤਾ ਹੈ ਅਤੇ ਸਦਰ ਬਣਾਇਆ ਹੈ।

ਉਬਾਮਾ ਰਿਆਸਤ ਅਤੇ ਤਾਕਤ ਨੂੰ ਹਾਲਾਤ ਬਰਕਰਾਰ ਰੱਖਣ ਅਤੇ ਹਾਕਮ ਮੇਲ ਦਾ ਪੱਖ ਪੂਰਨ ਲਈ ਹੀ ਇਸਤਮਾਲ ਕਰੇਗਾ। ਉਬਾਮਾ ਦੀ ਪ੍ਰਧਾਨਗੀ ਅਮਰੀਕਨ ਸਮਾਜ ਅਤੇ ਲੋਕਾਂ ਨੂੰ ਇਸ ਬੁਹਰਾਨ ਵਿਚੋਂ ਕੱਢਣ ਲਈ ਕੋਈ ਵੀ ਲੋੜੀਂਦਾ ਕਦਮ ਨਹੀਂ ਚੁੱਕ ਸਕਦੀ। ਇਸ ਸੱਚ ਤੇ ਪਰਦਾ ਪਾਉਣ ਲਈ ਉਬਾਮਾ ਵੱਡੀਆਂ ਵੱਡੀਆਂ ਅਤੇ ਧੂੰਏਦਾਰ ਤਕਰੀਰਾਂ ਤਾਂ ਕਰ ਸਕਦਾ ਹੈ ਪਰ ਉਨ੍ਹਾਂ ਵਿਚੋਂ ਨਿਕਲੇਗਾ ਕੁਝ ਵੀ ਨਹੀਂ।ਸਮਾਜ ਅਤੇ ਲੋਕਾਂ ਨੂੰ ਦਰਪੇਸ਼ ਮਸਲਿਆਂ ਦਾ ਕੋਈ ਬੁਨਿਆਦੀ ਹਲ ਨਹੀਂ ਨਿਕਲੇਗਾ। ਹਾਲਾਤ ਨੂੰ ਬਰਕਰਾਰ ਰੱਖਣ ਲਈ ਉਹ ਹਾਕਮ ਮੇਲ ਦਾ ਹਰ ਹਰਬਾ ਇਸਤਮਾਲ ਕਰੇਗਾ ਅਤੇ ਆਪਣੇ ਕਾਲੇ ਰੰਗ ਨੂੰ ਵੀ ਇਸਤਮਾਲ ਕਰੇਗਾ। ਉਹ ਇਕ ਨਸਲਵਾਦੀ ਦਾਅਵਾ ਕਰ ਰਿਹਾ ਹੈ ਕਿ ਚੂੰਕਿ ਇਕ ਕਾਲਾ ਆਦਮੀ ਪ੍ਰਧਾਨ ਬਣ ਗਿਆ ਹੈ ਇਸ ਲਈ ਅਮਰੀਕਾ ਵਿਚ ਬਹੁਤ ਤਬਦੀਲੀ ਆ ਹੀ ਗਈ ਹੈ ਅਤੇ ਲੋਕਾਂ ਨੂੰ ਉਸਤੇ ਯਕੀਨ ਕਰਨਾ ਚਾਹੀਦਾ ਹੈ। ਪਰ ਹਾਲਾਤ ਸਿਰਫ਼ ਰੰਗ ਦੀ ਹੀ ਤਬਦੀਲੀ ਨਹੀਂ ਮੰਗਦੇ ।ਉਬਾਮਾ ਦੀ ਪ੍ਰਧਾਨਗੀ ਨਾਲ ਇਹ ਭੁਲੇਖਾ ਵੀ ਖ਼ਤਮ ਹੋ ਜਾਵੇਗਾ ਕਿ ਸ਼ਾਇਦ ਕਿਸੇ ਕਾਲੇ ਰੰਗ ਵਾਲੇ ਦੇ ਪ੍ਰਧਾਨ ਬਣਨ ਨਾਲ ਕੋਈ ਵੱਡੀ ਤਬਦੀਲੀ ਆ ਜਾਵੇਗੀ।

ਅਮਰੀਕਨ ਲੋਕਾਂ ਨੂੰ ਇਕ ਨਵੀਂ ਤਾਕਤ ਅਤੇ ਰਿਆਸਤ ਉਸਾਰਨ ਦੀ ਲੋੜ ਹੈ ਜਿਸ ਨਾਲ ਉਹ ਹਾਲਾਤ ਨੂੰ ਸਮਾਜ ਅਤੇ ਲੋਕਾਂ ਦੀ ਭਲਾਈ ਲਈ ਤਬਦੀਲ ਕਰ ਸਕਣ। ਹਾਲਾਤ ਇਹ ਮੰਗ ਕਰ ਰਹੇ ਹਨ। ਉਬਾਮਾ ਇਸ ਨਵੀਂ ਉਸਾਰੀ ਦੇ ਖ਼ਿਲਾਫ਼ ਪੁਰਾਣੇ ਹੀ ਹਰਬੇ ਜਾਰੀ ਰਖਣ ਦਾ ਕਾਇਲ ਹੈ। ਅਮਰੀਕਨ ਲੋਕ ਇਸ ਬਾਰੇ ਬਹੁਤ ਸੰਜੀਦਗੀ ਨਾਲ ਸੋਚ ਰਹੇ ਹਨ ਅਤੇ ਵਿਚਾਰ ਵਟਾਂਦਰਾ ਕਰ ਰਹੇ ਹਨ। ਤਬਦੀਲੀ ਦੀ ਇਹ ਲੋੜ ਉਬਾਮਾ ਦੀ ਧੂੰਏਦਾਰ ਤਕਰੀਕਾਂ ਨਾਲ ਗਾਇਬ ਨਹੀਂ ਹੋ ਸਕਦੀ। ਤਬਦੀਲੀ ਦੀ ਲੋੜ ਇਕ ਨਵੀਂ ਤਾਕਤ ਦੀ ਲੋੜ ਹੈ ਜਿਹੜੀ ਹਾਲਾਤ ਨੂੰ ਬੁਨਿਆਦੀ ਤੌਰ ਤੇ ਬਦਲ ਸਕੇ। ਇਹ ਅਮਰੀਕਨ ਸਮਾਜ ਦੀ ਅੱਜ ਦੀ ਇਕ ਤਾਰੀਖੀ ਲੋੜ ਹੈ।